Surrey Schools
LEADERSHIP IN LEARNING

Tel: 604.596.7733
www.surreyschools.ca

# ਸਾਂਝੀਆਂ ਕਲਾਸਾਂ: ਰਲ ਕੇ ਸਿੱਖਣਾ

(Combined-grade classes: Learning Together)

ਸਾਂਝੀਆਂ ਕਲਾਸਾਂ ਵਿੱਚ ਕ੍ਰਮਵਾਰ ਗ੍ਰੇਡਾਂ ਦੇ ਵਿਦਿਆਰਥੀਆਂ ਨੂੰ ਇਕ ਕਲਾਸ ਵਿੱਚ ਇਕੱਠੇ ਕੀਤਾ ਗਿਆ ਹੁੰਦਾ ਹੈ। ਇਸ ਤਰ੍ਹਾਂ ਦੀਆਂ ਕਲਾਸਾਂ ਦਾ ਹੋਣਾ ਕੈਨੇਡਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਮ ਹੈ, ਘੱਟੋ ਘੱਟ ਇਕ ਅਧਿਐਨ ਮੁਤਾਬਕ "ਪੰਜ ਕੈਨੇਡੀਅਨ ਵਿਦਿਆਰਥੀਆਂ ਵਿੱਚੋਂ ਇਕ ਵਿਦਿਆਰਥੀ ਇਕ ਤੋਂ ਵੱਧ ਗ੍ਰੇਡਾਂ ਦੀਆਂ ਕਲਾਸਾਂ ਵਿੱਚ ਦਾਖਲ ਹੁੰਦਾ ਹੈ।" ਇਸ ਗੱਲ ਦੇ ਕਾਫੀ ਜ਼ਿਆਦਾ ਮੌਕੇ ਹਨ ਕਿ ਸਰੀ ਦੇ ਵਿਦਿਆਰਥੀਆਂ ਨੂੰ ਆਪਣੇ ਐਲੀਮੈਂਟਰੀ ਸਕੂਲ ਦੇ ਸਾਲਾਂ ਵਿੱਚ ਸਾਂਝੀ ਕਲਾਸ ਵਿੱਚ ਹੋਣ ਦਾ ਤਜਰਬਾ ਹੋਇਆ ਹੋਵੇ। ਅਜਿਹੀਆਂ ਕਲਾਸਾਂ ਲਈ ਹੁਣ "ਸਪਲਿਟ ਕਲਾਸ (ਅੱਡ ਅੱਡ ਗ੍ਰੇਡਾਂ ਦੇ ਵਿਦਿਆਰਥੀਆਂ ਦੀ ਕਲਾਸ)" ਦੇ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਕਿਉਂਕਿ ਹੁਣ ਅਸੀਂ ਇਕ ਕਲਾਸ ਦੇ ਵਿਦਿਆਰਥੀਆਂ ਨੂੰ 'ਸਿੱਖਿਆਰਥੀਆਂ ਦੀ ਬਰਾਦਰੀ" ਸਮਝਦੇ ਹਾਂ।

ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਲੀਆਂ ਕਲਾਸਾਂ ਦਾ ਪ੍ਰਬੰਧ ਕਰਨਾ ਇਕ ਗੁੰਝਲਦਾਰ ਸਮੱਸਿਆ ਹੈ। ਜਦੋਂ ਕਿ ਦਾਖਲ ਹੋਣ ਵਾਲਿਆਂ ਦੀ ਬਦਲ ਰਹੀ ਗਿਣਤੀ, ਕਲਾਸਾਂ ਦਾ ਸਾਈਜ਼ ਅਤੇ ਬਣਤਰ ਕਲਾਸਾਂ ਨੂੰ ਬਣਾਉਣ ਉੱਤੇ ਅਸਰ ਕਰਦੇ ਹਨ, ਸਰੀ ਸਕੂਲ ਡਿਸਟ੍ਰਿਕਟ ਅਜਿਹੀਆਂ ਸੰਤੁਲਨ ਕਲਾਸਾਂ ਬਣਾਉਣ ਲਈ ਵਚਨਬੱਧ ਹੈ ਜਿਹੜੀਆਂ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਤੇ ਸਮੁੱਚੇ ਬੱਚੇ ਦੀਆਂ ਲੋੜਾਂ 'ਤੇ ਕੇਂਦਰਿਤ ਹੋਣ।

ਹਰ ਕਲਾਸ ਵਾਂਗ, ਸਾਂਝੀਆਂ ਕਲਾਸਾਂ ਦੇ ਵਿਦਿਆਰਥੀਆਂ ਵਿੱਚ ਕਈ ਤਰ੍ਹਾਂ ਦੀਆਂ ਜਾਚਾਂ ਅਤੇ ਯੋਗਤਾਵਾਂ ਹੁੰਦੀਆਂ ਹਨ। ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਔਸਤਨ ਇਕ ਗ੍ਰੇਡ ਦੀ ਕਲਾਸ ਵਿੱਚ ਅਜਿਹੇ ਵਿਦਿਆਰਥੀ ਹੁੰਦੇ ਹਨ ਜਿਨ੍ਹਾਂ ਦਾ ਵਿਕਾਸ ਪੰਜ ਸਾਲਾਂ ਦੇ ਆਰ-ਪਾਰ ਫੈਲਿਆ ਹੁੰਦਾ ਹੈ। ਬੌਧਿਕ, ਸਮਾਜਕ, ਸਰੀਰਕ ਅਤੇ ਨਿੱਜੀ ਵਿਕਾਸ ਗ੍ਰੇਡ ਦੇ ਪੱਧਰ 'ਤੇ ਨਿਰਭਰ ਨਹੀਂ ਹੁੰਦਾ। ਅਧਿਆਪਕ ਇਨ੍ਹਾਂ ਨਿੱਜੀ ਵਖਰੇਵਿਆਂ ਤੋਂ ਜਾਣੂ ਹੁੰਦੇ ਹਨ ਅਤੇ ਸਿੱਖਣ ਦੇ ਮੌਕਿਆਂ ਨੂੰ ਹਰ ਵਿਦਿਆਰਥੀ ਦੀ ਲੋੜ ਪੂਰੀ ਕਰਨ ਲਈ ਤਿਆਰ ਕਰਦੇ ਹਨ।

ਖੋਜ ਦਸਦੀ ਹੈ ਕਿ ਸਾਂਝੀਆਂ ਕਲਾਸਾਂ ਦੇ ਅਕਾਦਮਿਕ ਅਤੇ ਸਮਾਜਕ ਲਾਭ ਹੁੰਦੇ ਹਨ ਅਤੇ ਸਿੱਖਣ ਵਿੱਚ ਕਾਮਯਾਬੀ ਵਿਦਿਆਰਥੀਆਂ ਨੂੰ ਕਲਾਸ ਵਿੱਚ ਇਕੱਠੇ ਕਰਨ ਦੇ ਢੰਗ 'ਤੇ ਘੱਟ ਅਤੇ ਪੜ੍ਹਾਈ ਕਰਵਾਉਣ ਦੀ ਕੁਆਲਟੀ 'ਤੇ ਜ਼ਿਆਦਾ ਨਿਰਭਰ ਕਰਦੀ ਹੈ। ਸਾਂਝੀਆਂ ਕਲਾਸਾਂ ਵਿੱਚ ਵੀ ਹਰ ਇਕ ਬੱਚੇ ਨੂੰ ਉਸ ਦੇ ਸਿੱਖਣ ਦੇ ਸਫਰ ਲਈ ਉੱਨਾ ਹੀ ਉਤਸ਼ਾਹਿਤ ਕੀਤਾ ਜਾਵੇਗਾ ਜਿੰਨਾ ਉਸ ਨੂੰ ਇਕ ਗ੍ਰੇਡ ਦੀ ਕਲਾਸ ਵਿੱਚ ਕੀਤਾ ਜਾਂਦਾ ਹੈ। ਆਲੋਚਨਾਤਮਕ ਸੋਚ ਦੀ ਵਰਤੋਂ ਕਰਦਿਆਂ ਪੁੱਛ-ਪੜਤਾਲ ਦੇ ਨਜ਼ਰੀਏ 'ਤੇ ਆਧਾਰਤ ਸਿੱਖਲਾਈ ਨਾਲ ਸਿੱਖਿਆਰਥੀ ਦਾ ਧਿਆਨ ਖਿੱਚਣ 'ਤੇ ਕੇਂਦਰਿਤ ਪਾਠਕ੍ਰਮ ਸਾਂਝੀਆਂ ਕਲਾਸਾਂ ਦੇ ਸਿੱਖਿਆਰਥੀਆਂ ਲਈ ਚੰਗੀ ਤਰ੍ਹਾਂ ਢੁਕਵਾਂ ਹੈ। ਇਸ ਦੇ ਨਾਲ ਹੀ ਸੰਚਾਰ (ਕਮਿਊਨੀਕੇਸ਼ਨ), ਸਿਰਜਣਾਤਮਕ ਅਤੇ ਆਲੋਚਨਾਤਮਕ ਸੋਚ, ਨਿੱਜੀ ਅਤੇ ਸਭਿਆਚਾਰਕ ਹਾਂ-ਮੁਖੀ ਪਛਾਣ, ਸਮਾਜਕ ਜ਼ਿੰਮੇਵਾਰੀ, ਨਿੱਜੀ ਚੇਤਨਾ ਅਤੇ ਜ਼ਿੰਮੇਵਾਰੀ ਵਾਲੀਆਂ ਪਾਠਕ੍ਰਮ ਦੀਆਂ ਕੇਂਦਰੀ ਸਮਰੱਥਾਂਵਾਂ (ਕੁਰੀਕੁਲਮ ਕੋਰ ਕੰਪੀਟੈਨਸੀਜ਼) ਦਾ ਸਿੱਖਿਆਰੀਆਂ ਦੀ ਸਾਂਝੀ ਕਲਾਸ ਵਿੱਚ ਸੌਖਿਆਂ ਹੀ ਸਮਰਥਨ ਕੀਤਾ ਜਾ ਸਕਦਾ ਹੈ।



ਸਾਰੀਆਂ ਬਣਤਰਾਂ ਵਾਲੀਆਂ ਕਲਾਸਾਂ ਵਿੱਚ ਬੱਚੇ ਉਦੋਂ ਤਰੱਕੀ ਕਰਦੇ ਹਨ ਜਦੋਂ ਮਾਪੇ/ਸੰਭਾਲ ਕਰਨ ਵਾਲੇ ਸਿੱਖਣ ਦੇ ਅਮਲ ਵਿੱਚ ਸ਼ਾਮਲ ਹੁੰਦੇ ਹਨ। ਆਪਣੇ ਬੱਚੇ ਨਾਲ ਉਸ ਦੇ ਦਿਨ ਬਾਰੇ ਗੱਲ ਕਰੋ, ਟੀਚਰ ਨਾਲ ਗੱਲਬਾਤ ਕਰੋ ਅਤੇ ਆਪਣੇ ਬੱਚੇ ਨਾਲ ਮਿਲ ਕੇ ਪੜ੍ਹਦਿਆਂ ਸਮਾਂ ਬਿਤਾਉ।